# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 27-11-2024**

- ਪ੍ਰਧਾਨ ਮੰਤਰੀ ਨੇ ਨੌਜਵਾਨਾਂ ਨੂੰ ਵਿਕਸਤ ਭਾਰਤ ਕੁਇਜ਼ ਵਿੱਚ ਹਿੱਸਾ ਲੈਣ ਦੀ ਕੀਤੀ ਅਪੀਲ।
- ਸਰਕਾਰ ਨੇ ਅੱਜ ਨਵੀਂ ਦਿੱਲੀ ਵਿੱਚ 'ਰਾਸ਼ਟਰੀ ਮੁਹਿੰਮ ਬਾਲ ਵਿਆਹ ਮੁਕਤ ਭਾਰਤ' ਦੀ ਸ਼ੁਰੂਆਤ ਕੀਤੀ।
- ਰਾਸ਼ਟਰੀ ਜਾਂਚ ਏਜੰਸੀ ਨੇ ਅੱਜ ਅੱਤਵਾਦੀ-ਗੈਂਗਸਟਰ ਗਠਜੋੜ ਦੇ ਮਾਮਲੇ ਵਿੱਚ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਦਵਿੰਦਰ ਬੰਬੀਹਾ ਗੈਂਗ ਦੇ ਕਈ ਟਿਕਾਣਿਆਂ ਦੀ ਤਲਾਸ਼ੀ ਲਈ।
- ਦੇਸ਼ ਭਗਤੀ ਅਤੇ ਰਾਸ਼ਟਰ ਨਿਰਮਾਣ ਦੀ ਸਿੱਖਿਆ ਨਾਲ 10 ਰੋਜ਼ਾ NCC ਕੈਂਪ ਹੋਇਆ ਸਮਾਪਤ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨੌਜਵਾਨਾਂ ਨੂੰ ਅਗਲੇ ਸਾਲ ਜਨਵਰੀ

ਵਿੱਚ ਹੋਣ ਵਾਲੇ ਵਿਕਾਸ ਭਾਰਤ ਯੂਥ ਲੀਡਰ ਡਾਇਲਾਗ ਨਾਲ ਸਬੰਧਤ ਕੁਇਜ਼ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਏ । ਉਨ੍ਹਾਂ ਕਿਹਾ ਕਿ ਵਿਕਸਤ ਭਾਰਤ ਦੇ ਸਾਡੇ ਟੀਚੇ ਨੂੰ ਪ੍ਰਾਪਤ ਕਰਨ ਵਿੱਚ, ਇਹ ਉਨ੍ਹਾਂ ਦਾ ਬੇਮਿਸਾਲ ਯੋਗਦਾਨ ਹੋਵੇਗਾ ।ਪ੍ਰਧਾਨ ਮੰਤਰੀ ਮੋਦੀ ਨੇ ਐਕਸ 'ਤੇ ਇੱਕ ਪੋਸਟ ਵਿੱਚ ਲਿਖਿਆ,ਕੀ ਨੌਜਵਾਨ ਦੋਸਤੋ ਇਹ ਇੱਕ ਦਿਲਚਸਪ ਕਵਿਜ਼ ਏ , ਜੋ ਇਹ ਯਕੀਨੀ ਬਣਾਏਗੀ ਕਿ ਤੁਸੀਂ 12 ਜਨਵਰੀ, 2025 ਨੂੰ ਇਤਿਹਾਸਕ ਵਿਕਸਿਤ ਭਾਰਤ ਯੂਥ ਲੀਡਰ ਡਾਇਲਾਗ ਦਾ ਹਿੱਸਾ ਬਣ ਸਕਦੇ ਹੋ । ਉਨ੍ਹਾਂ ਕਿਹਾ ਕਿ ਨੌਜਵਾਨਾਂ ਦੇ ਨਵੇਂ ਵਿਚਾਰਾਂ ਨੂੰ ਸਰਕਾਰ ਦੇ ਉੱਚ ਪੱਧਰ ਤੱਕ ਪਹੁੰਚਾਉਣ ਦਾ ਇਹ ਬਹੁਤ ਹੀ ਖਾਸ ਮੌਕਾ ਏ । ਜ਼ਿਕਰਯੋਗ ਏ ਕਿ ਰਾਸ਼ਟਰੀ ਯੁਵਕ ਮਹੋਤਸਵ-2025 ਦੇ ਤਹਿਤ ਵਿਕਸਤ ਭਾਰਤ ਯੁਵਾ ਆਗੂ ਸੰਵਾਦ 11 ਅਤੇ 12 ਜਨਵਰੀ ਨੂੰ ਨਵੀਂ ਦਿੱਲੀ ਸਥਿਤ ਭਾਰਤ ਮੰਡਪਮ ਵਿਖੇ ਆਯੋਜਿਤ ਕੀਤਾ ਜਾਵੇਗਾ । ਵਿਕਸਤ ਭਾਰਤ ਯੂਥ ਲੀਡਰ ਡਾਇਲਾਗ ਲਈ ਰਜਿਸਟ੍ਰੇਸ਼ਨ 25 ਨਵੰਬਰ ਤੋਂ ਸ਼ੁਰੂ ਹੋ ਗਈ ਏ ਜਿਸ ਨਾਲ ਨੌਜਵਾਨਾਂ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਾਹਮਣੇ ਵਿਕਸਤ ਭਾਰਤ ਲਈ

ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਮਿਲੇਗਾ। 5 ਦਸੰਬਰ ਤੱਕ ਮੇਰਾ ਯੁਵਾ ਭਾਰਤ ਪਲੇਟਫਾਰਮ 'ਤੇ ਰਜਿਸਟਰ ਕਰਨ ਵਾਲੇ ਨੌਜਵਾਨ ਮੁੰਡੇ ਅਤੇ ਕੁੜੀਆਂ ਡਿਜੀਟਲ ਕਵਿਜ਼ ਰਾਹੀਂ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਹਿੱਸਾ ਲੈ ਸਕਦੇ ਨੇ।

---------------------------------------------------

ਸਰਕਾਰ ਨੇ ਅੱਜ ਨਵੀਂ ਦਿੱਲੀ ਵਿੱਚ 'ਰਾਸ਼ਟਰੀ ਮੁਹਿੰਮ ਬਾਲ ਵਿਆਹ ਮੁਕਤ ਭਾਰਤ' ਦੀ ਸ਼ੁਰੂਆਤ ਕੀਤੀ। ਇਸ ਮੁਹਿੰਮ ਦਾ ਮੁੱਖ ਉਦੇਸ਼, ਦੇਸ਼ ਨੂੰ ਬਾਲ ਵਿਆਹ ਮੁਕਤ ਰਾਸ਼ਟਰ ਬਣਾਉਣਾ ਏ। ਇਸ ਮੁਹਿੰਮ ਦੀ ਸ਼ੁਰੂਆਤ ਕਰਦਿਆਂ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਅੰਨਪੂਰਨਾ ਦੇਵੀ ਨੇ ਕਿਹਾ ਕਿ ਸਰਕਾਰ ਨੇ 130 ਜ਼ਿਲ੍ਹਿਆਂ ਦੀ ਪਛਾਣ ਕੀਤੀ ਏ, ਜਿੱਥੇ ਇਹ ਮੁਹਿੰਮ ਮੁੱਖ ਤੌਰ 'ਤੇ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਬਾਲ ਵਿਆਹ ਕੇਵਲ ਅਪਰਾਧ ਹੀ ਨਹੀਂ, ਸਗੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੀ ਏ। ਅੰਨਪੂਰਨਾ ਦੇਵੀ ਨੇ ਕਿਹਾ ਕਿ ਬਾਲ ਵਿਆਹ ਮੁਕਤ ਭਾਰਤ ਮੁਹਿੰਮ, ਸਿਰਫ਼ 10 ਅਤੇ 15 ਦਿਨਾਂ ਦਾ ਸਮਾਗਮ ਨਹੀਂ ਏ, ਸਗੋਂ ਇਹ ਇੱਕ ਨਿਰੰਤਰ ਉਪਰਾਲਾ ਏ।

**BYTE:**

ਪ੍ਰੋਗਰਾਮ ਦੌਰਾਨ ਅੰਨਪੂਰਨਾ ਦੇਵੀ ਨੇ ਬਾਲ ਵਿਆਹ ਮੁਕਤ ਭਾਰਤ ਪੋਰਟਲ ਦਾ ਵੀ ਉਦਘਾਟਨ ਕੀਤਾ। ਇਹ ਔਨਲਾਈਨ ਪਲੇਟਫਾਰਮ ਜਾਗਰੂਕਤਾ ਪੈਦਾ ਕਰਨ, ਬਾਲ ਵਿਆਹ ਨੂੰ ਰੋਕਣ ਅਤੇ ਬਾਲ ਵਿਆਹ ਦੀਆਂ ਘਟਨਾਵਾਂ ਨੂੰ ਦਰਜ ਕਰਨ ਦੀ ਮੁਹਿੰਮ ਲਈ ਤਿਆਰ ਕੀਤਾ ਗਿਆ ਏ।

---------------------------------------------------------

ਏਧਰ ਪੰਜਾਬ ਵਿਚ ਵੀ ਕੇਂਦਰ ਸਰਕਾਰ ਦੇ ਇਸ ਉਪਰਾਲੇ ਵਜੋਂ, ਬਾਲ ਵਿਆਹ ਨੂੰ ਜੜੋਂ ਖਤਮ ਕਰਨ ਦੇ ਉਦੇਸ਼ ਨਾਲ, ਅੱਜ ਸੂਬੇ ਭਰ 'ਚ 'ਬਾਲ ਵਿਆਹ ਮੁਕਤ ਭਾਰਤ'ਮੁਹਿੰਮ ਸਬੰਧੀ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਵਲੋਂ ਸਹੁੰ ਚੁਕਾਈ ਗਈ। ਉਨ੍ਹਾਂ ਦੱਸਿਆ ਕਿ ਇਸ ਪਹਿਲਕਦਮੀ ਦਾ ਉਦੇਸ਼, ਸੂਬੇ ਭਰ ਵਿੱਚ ਬਾਲ ਵਿਆਹ ਨੂੰ ਖਤਮ ਕਰਨਾ ਏ। ਉਨ੍ਹਾਂ ਨੇ ਇਸ ਵਿਸ਼ੇਸ਼ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਮਹਿਲਾ ਸਵੈ ਸਹਾਇਤਾ ਸਮੂਹ, ਆਂਗਣਵਾੜੀ ਵਰਕਰ, ਆਸ਼ਾ ਵਰਕਰ ਅਤੇ

ਹੈਲਪਰ, ਸਮੇਤ ਸਾਰੇ ਗੈਰ ਸਰਕਾਰੀ ਸੰਸਥਾਨਾਂ ਸਕੂਲਾਂ ਕਾਲਜਾਂ ਧਾਰਮਿਕ ਆਗੂਆਂ ਨੂੰ ਅਪੀਲ ਕੀਤੀ ਏ। ਡਾ. ਬਲਜੀਤ ਕੌਰ ਨੇ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਸਮਾਜ ਦੇ ਸਾਰੇ ਵਰਗਾਂ ਦੇ ਸਮੂਹਿਕ ਯਤਨਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ ਏ। ਡਾ. ਬਲਜੀਤ ਕੌਰ ਨੇ ਮੁਹਿੰਮ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਆਪਣੀ ਵਚਨਬੱਧਤਾ ਦਰਸਾਉਦਿਆਂ ਕਿਹਾ ਕਿ ਬਾਲ ਵਿਆਹ-ਮੁਕਤ ਸੂਬਾ ਸਿਰਫ਼ ਇੱਕ ਵਿਜ਼ਨ ਨਹੀਂ ਏ, ਸਗੋਂ ਸਾਡੇ ਬੱਚਿਆਂ ਅਤੇ ਸਮਾਜ ਦੇ ਸਰਵਪੱਖੀ ਵਿਕਾਸ ਲਈ ਇੱਕ ਲੋੜ ਏ। ਡਾ. ਬਲਜੀਤ ਕੌਰ ਨੇ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ, ਸਮਾਜ ਦੇ ਸਾਰੇ ਵਰਗਾਂ ਦੇ ਸਮੂਹਿਕ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਏ। ਉਨ੍ਹਾਂ ਨੇ ਚੁਣੇ ਹੋਏ ਨੁਮਾਇੰਦਿਆਂ, ਸਿਹਤ ਕਰਮਚਾਰੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਬਾਲ ਵਿਆਹ ਦੇ ਵਿਰੁੱਧ ਜਾਗਰੂਕਤਾ ਪੈਦਾ ਕਰਨ ਦਾ ਸੱਦਾ ਦਿੱਤਾ।

---------------------------------------------------------

ਸੂਚਨਾ ਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਏ ਕਿ ਸੋਸ਼ਲ ਮੀਡੀਆ 'ਤੇ ਅਸ਼ਲੀਲ ਸਮੱਗਰੀ ਨੂੰ ਰੋਕਣ ਲਈ ਮੌਜੂਦਾ ਕਾਨੂੰਨਾਂ ਨੂੰ

ਯਕੀਨੀ ਤੌਰ 'ਤੇ ਹੋਰ ਮਜ਼ਬੂਤ ਕਰਨ ਦੀ ਲੋੜ ਏ। ਅੱਜ ਲੋਕ ਸਭਾ ਵਿੱਚ ਪੂਰਕ ਸਵਾਲਾਂ ਦਾ ਜਵਾਬ ਦਿੰਦਿਆਂ, ਸ੍ਰੀ ਵੈਸ਼ਨਵ ਨੇ ਕਿਹਾ ਕਿ ਅੱਜ ਸੋਸ਼ਲ ਮੀਡੀਆ ਇੱਕ ਪਾਸੇ ਪ੍ਰੈਸ ਦੀ ਆਜ਼ਾਦੀ ਦਾ ਬਹੁਤ ਵੱਡਾ ਮਾਧਿਅਮ ਏ , ਪਰ ਦੂਜੇ ਪਾਸੇ ਸੋਸ਼ਲ ਮੀਡੀਆ ਵਿੱਚ ਸੰਪਾਦਕੀ ਜਾਂਚ ਦੀ ਅਣਹੋਂਦ ਕਾਰਨ, ਕਈ ਤਰ੍ਹਾਂ ਦੀ ਅਸ਼ਲੀਲ ਸਮੱਗਰੀ ਵੀ ਦਿਖਾਈ ਜਾਂਦੀ ਏ। ਓ.ਟੀ.ਟੀ ਪਲੇਟਫਾਰਮਾਂ ਵਿੱਚ ਸਮੱਗਰੀ ਬਾਰੇ ਸ੍ਰੀ ਵੈਸ਼ਨਵ ਨੇ ਕਿਹਾ ਕਿ ਸਾਡੇ ਦੇਸ਼ ਦੇ ਸੱਭਿਆਚਾਰ ਅਤੇ ਉਨ੍ਹਾਂ ਦੇਸ਼ਾਂ ਵਿੱਚ ਬਹੁਤ ਫਰਕ ਏ, ਜਿੱਥੋਂ ਇਹ ਸੋਸ਼ਲ ਮੀਡੀਆ ਪਲੇਟਫਾਰਮ ਆਏ ਨੇ। ਉਨ੍ਹਾਂ ਕਿਹਾ ਕਿ ਸੰਸਦ ਦੀ ਸਬੰਧਤ ਸਥਾਈ ਕਮੇਟੀ ਨੂੰ ਇਹ ਮੁੱਦਾ ਉਠਾਉਣਾ ਚਾਹੀਦਾ ਏ ਅਤੇ ਇਸ ਸਬੰਧੀ ਸਖ਼ਤ ਕਾਨੂੰਨ ਬਣਾਏ ਜਾਣ।

---------------------------------------------------------------

ਰਾਸ਼ਟਰੀ ਜਾਂਚ ਏਜੰਸੀ ਨੇ ਅੱਜ ਅੱਤਵਾਦੀ-ਗੈਂਗਸਟਰ ਗਠਜੋੜ ਦੇ ਮਾਮਲੇ ਵਿੱਚ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਦਵਿੰਦਰ ਬੰਬੀਹਾ ਗੈਂਗ ਦੇ ਕਈ ਟਿਕਾਣਿਆਂ ਦੀ ਤਲਾਸ਼ੀ ਲਈ। ਤਲਾਸ਼ੀ ਦੌਰਾਨ ਮੋਬਾਈਲ ਅਤੇ ਡਿਜੀਟਲ ਡਿਵਾਈਸਾਂ, ਬੈਂਕਿੰਗ ਲੈਣ-ਦੇਣ ਅਤੇ

ਜਾਇਦਾਦ ਨਾਲ ਸਬੰਧਤ ਦਸਤਾਵੇਜ਼ਾਂ ਸਮੇਤ ਅਪਰਾਧਕ ਸਮੱਗਰੀ ਜ਼ਬਤ ਕੀਤੀ ਗਈ ਏ । ਇਹ ਤਲਾਸ਼ੀ, ਦੇਸ਼ ਭਰ ਵਿਚ ਹਥਿਆਰਾਂ ਦੀ ਤਸਕਰੀ ਵਿਚ ਲੱਗੇ ਅੱਤਵਾਦੀ ਸੰਗਠਨਾਂ 'ਤੇ ਲਗਾਤਾਰ ਕਾਰਵਾਈ ਦਾ ਹਿੱਸਾ ਸੀ ।

---------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਵਿੱਚ ਕੇਂਦਰੀ ਮੰਤਰੀ ਮੰਡਲ ਨੇ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਤਹਿਤ, ਆਜ਼ਾਦ ਤੌਰ ‘ਤੇ ਕਾਰਜ ਕਰਨ ਵਾਲੀ, ਕੇਂਦਰ ਸਰਕਾਰ ਵਲੋਂ ਪ੍ਰਾਯੋਜਿਤ ਯੋਜਨਾ ਦੇ ਰੂਪ ਵਿੱਚ, ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਸ਼ੁਰੂ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਏ । ਇਸ ਯੋਜਨਾ ਦਾ 15ਵੇਂ ਵਿੱਤ ਕਮਿਸ਼ਨ ਤੱਕ ਕੁੱਲ ਖਰਚ, 2 ਹਾਜ਼ਰ 481 ਕਰੋੜ ਰੁਪਏ ਹੋਵੇਗਾ, ਜਿਸ ਵਿਚੋਂ ਭਾਰਤ ਸਰਕਾਰ ਦਾ ਹਿੱਸਾ ਇਕ ਹਜ਼ਾਰ 584 ਕਰੋੜ ਰੁਪਏ ਅਤੇ ਸੂਬਾ ਸਰਕਾਰਾਂ ਦਾ ਹਿੱਸਾ 897 ਕਰੋੜ ਰੁਪਏ ਰੱਖਿਆ ਏ ।

***ਇਕ ਰਿਪੋਰਟ :ਪੰਜਾਬ ਦੇ ਕੁਦਰਤੀ ਖੇਤੀ ਕਰਨ ਵਾਲੇ ਅਤੇ ਆਮ ਕਿਸਾਨਾਂ ਵਲੋਂ ਵੀ ਇਸ ਪਹਿਲਕਦਮੀ ਨੂੰ ਚੰਗਾ ਹੁੰਗਾਰਾ***

*ਮਿਲਿਆ ਏ । ਇਹਨਾਂ ਕਿੱਸਣਾ ਦਾ ਕਹਿਣਾ ਏ ਕੇ ਇਸ ਸਕੀਮ ਨੂੰ ਅਪਣਾਕੇ ਕੁਦਰਤੀ ਖੇਤੀ ਵਾਲੇ ਪਾਸੇ ਮੁੜਨ ਨਾਲ ਰਸਾਇਣਕ ਖਾਦਾਂ ਅਤੇ ਬੇਲੋੜੀਆਂ ਕੀਟਨਾਸ਼ਕਾਂ ਨਾਲ ਹੋ ਰਹੀਆਂ ਬਿਮਾਰੀਆਂ ਦੀ ਜਕੜ ਤੋਂ ਲੋਕਾਂ ਨੂੰ ਬਾਹਰ ਰੱਖਿਆ ਜਾ ਸਕੇਗਾ। ਮੋਗਾ ਦੇ ਕਿਸਾਨ ਬੂਟਾ ਸਿੰਘ ਨੇ ਕਿਹਾ*

*---- Byte ----*

*ਓਧਰ ਮਾਨਸਾ ਦੇ ਕਿੱਸਿਆਂ ਗੋਰਾ ਸਿੰਘ ਨੇ ਆਖਿਆ ਏ*

*--- Byte ----*

*ਐਸੀ ਤਰਹ ਗੁਰਦਸਪੂਰ ਤੋਂ ਕਿੱਸਿਆਂ ਦਿਲਬਾਘ ਸਿੰਘ ਚੀਮਾ ਦਾ ਕਹਿਣਾ ਏ ਕੇ ਇਹ ਸਮੇਂ ਦੀ ਮੰਗ ਹੈ ਕਿ ਅੱਸੀਂ ਕੁਦਰਸਤੀ ਖੇਤੀ ਅਪਣਾਈਏ*

*--- Byte ----*

*ਅਗਲੇ ਦੋ ਵਰ੍ਹਿਆਂ ਵਿੱਚ, ਕੁਦਰਤੀ ਖੇਤੀ ਰਾਸ਼ਟਰੀ ਮਿਸ਼ਨ ਨੂੰ ਦੇਸ਼ ਭਰ ਦੀਆਂ ਇੱਛੁਕ ਗ੍ਰਾਮ ਪੰਚਾਇਤਾਂ ਦੇ 15,000 ਕਲਸਟਰਾਂ ਵਿੱਚ ਲਾਗੂ ਕੀਤਾ ਜਾਵੇਗਾ ਜਿਸ ਰਾਹੀਂ 1 ਕਰੋੜ ਕਿਸਾਨਾਂ ਤੱਕ*

***<u>ਪਹੁੰਚਾਇਆ ਜਾਵੇਗਾ ਅਤੇ 7.5 ਲੱਖ ਹੈਕਟੇਅਰ ਖੇਤਰ ਵਿੱਚ ਕੁਦਰਤੀ ਖੇਤੀ ਸ਼ੁਰੂ ਕੀਤੀ ਜਾਵੇਗੀ। ਮੋਗਾ ਤੋਂ ਜਸ਼ਨਦੀਪ ਕੌਰ, ਮਾਨਸਾ ਤੋਂ ਜੋਗਿੰਦਰ ਸਿੰਘ ਮਾਨ ਅਤੇ ਗੁਰਦਸਪੂਰ ਤੋਂ ਬਿਸ਼ੰਬਰ ਬਿੱਟੂ ਨਾਲ, ਰਾਜੇਸ਼ ਬਾਲੀ, ਆਕਾਸ਼ਵਾਣੀ ਖ਼ਬਰਾਂ , ਜਲੰਧਰ</u>***

-----------------------------------------------------

ਖੰਡ ਮਿੱਲਾਂ ਵੱਲੋਂ 2024-25 ਦੇ ਪਿੜਾਈ ਸੀਜ਼ਨ ਲਈ ਤਕਨੀਕੀ ਮਾਪਦੰਡਾਂ ਅਨੁਸਾਰ ਕੀਤੀਆਂ ਗਈਆਂ ਤਿਆਰੀਆਂ ਦਾ ਜਾਇਜ਼ਾ ਲੈਣ ਦੇ ਉਦੇਸ਼ ਨਾਲ, ਸ਼ੂਗਰਫੈੱਡ ਦੇ ਪ੍ਰਬੰਧ ਨਿਦੇਸ਼ਕ ਮੈਨੇਜਿੰਗ ਡਾਇਰੈਕਟਰ ਡਾ. ਸੇਨੂੰ ਦੁੱਗਲ ਨੇ ਅੱਜ ਨਵਾਂਸ਼ਹਿਰ ਦੀ ਸਹਿਕਾਰੀ ਖੰਡ ਮਿੱਲ ਦਾ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਸਾਰੇ ਹਿੱਸੇਦਾਰਾਂ, ਖਾਸ ਕਰਕੇ ਗੰਨਾ ਕਾਸ਼ਤਕਾਰਾਂ ਲਈ ਬਿਨਾਂ ਕਿਸੇ ਮੁਸ਼ਕਿਲ ਅਤੇ ਨਿਰਵਿਘਨ ਸੀਜ਼ਨ ਨੂੰ ਯਕੀਨੀ ਬਣਾਉਣ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਜਾ ਰਹੇ ਨੇ ਅਤੇ ਉਨ੍ਹਾਂ ਵੱਲੋਂ ਸਾਰੇ ਜਨਰਲ ਮੈਨੇਜਰਾਂ ਨੂੰ ਗੰਨੇ ਦੇ ਕਾਸ਼ਤਕਾਰਾਂ ਲਈ ਸਫਲ ਪਿੜਾਈ ਸੀਜ਼ਨ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਨਿਰਦੇਸ਼

ਜਾਰੀ ਕਰ ਦਿੱਤੇ ਗਏ ਨੇ । ਉਨ੍ਹਾਂ ਦੱਸਿਆ ਕਿ 2024-25 ਦੇ ਸੀਜ਼ਨ ਦੌਰਾਨ ਸੂਬੇ ਦੀਆਂ ਸਾਰੀਆਂ ਸਹਿਕਾਰੀ ਸਭਾਵਾਂ ਵੱਲੋਂ ਲੱਗਭਗ 230 ਲੱਖ ਕੁਇੰਟਲ ਗੰਨੇ ਦੀ ਪਿੜਾਈ ਕੀਤੀ ਜਾਵੇਗੀ ।

**BYTE:**

ਇੰਨਾ ਵਿਚ ਸਹਿਕਾਰੀ ਗੰਨਾ ਮਿੱਲਾਂ ਨਵਾਂਸ਼ਹਿਰ 29 ਨਵੰਬਰ ਤੋਂ, ਗੁਰਦਾਸਪੁਰ 30 ਨਵੰਬਰ ਤੋਂ ਅਤੇ ਅਜਨਾਲਾ ਪਹਿਲੀ ਦਸੰਬਰ ਤੋਂ ਸ਼ੁਰੂ ਹੋਣਗੀਆਂ । ਇਸੇ ਤਰ੍ਹਾਂ ਭੋਗਪੁਰ ਤੇ ਬੁੱਢੇਵਾਲ ਮਿੱਲਾਂ 2 ਦਸੰਬਰ ਅਤੇ ਮੋਰਿੰਡਾ ਅਤੇ ਨਕੋਦਰ ਮਿੱਲਾਂ 3 ਦਸੰਬਰ ਨੂੰ ਪਿੜਾਈ ਸ਼ੁਰੂ ਕਰਨਗੀਆਂ ਜਦਕਿ ਬਟਾਲਾ 5 ਦਸੰਬਰ ਅਤੇ ਫਾਜ਼ਿਲਕਾ 10 ਦਸੰਬਰ ਤੋਂ ਸ਼ੁਰੂ ਹੋਣਗੀਆਂ।

----------------------------------------------------------------

2 ਪੰਜਾਬ NCC ਬਟਾਲੀਅਨ ਦੀ ਅਗਵਾਈ ਹੇਠ ਜਲੰਧਰ ਸਥਿਤ ਡੀ.ਏ.ਵੀ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਕਾਲਜ ਵਿਖੇ, 10 ਰੋਜ਼ਾ ਕੈਂਪ ਸਮਾਪਤ ਹੋ ਗਿਆ । 350 ਐਨ.ਸੀ.ਸੀ

ਕੈਡਿਟਾਂ ਨੇ ਮਿਲਟਰੀ ਸਿਖਲਾਈ, ਸ਼ਖਸੀਅਤ ਵਿਕਾਸ ਅਤੇ ਲੀਡਰਸ਼ਿਪ ਦੇ ਮੰਤਰ ਸਿੱਖੇ। ਕੈਡਿਟਾਂ ਨੇ ਕਈ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਆਪਣੇ ਹੁਨਰ ਨੂੰ ਨਿਖਾਰਿਆ। ਗਰੁੱਪ ਕਮਾਂਡਰ ਬ੍ਰਿਗੇਡੀਅਰ ਅਜੇ ਤਿਵਾੜੀ ਨੇ ਵੀ ਕੈਂਪ ਦਾ ਨਿਰੀਖਣ ਕੀਤਾ। ਉਨ੍ਹਾਂ ਕੈਡਿਟਾਂ ਨੂੰ ਸਮਾਂ ਪ੍ਰਬੰਧਨ, ਸਵੈ-ਨਿਰਭਰ ਹੋਣ ਅਤੇ ਟੀਮ ਭਾਵਨਾ ਨਾਲ ਕੈਂਪ ਵਿਚ ਰਹਿਣ ਬਾਰੇ ਦੱਸਿਆ। ਆਪਣੇ ਸਮਾਪਤੀ ਭਾਸ਼ਣ ਵਿੱਚ ਕੈਂਪ ਕਮਾਂਡਰ ਕਰਨਲ ਵਿਨੋਦ ਜੋਸ਼ੀ ਨੇ ਆਉਣ ਵਾਲੀ ਪੀੜ੍ਹੀ ਨੂੰ ਜੀਵਨ ਵਿੱਚ ਇਮਾਨਦਾਰੀ, ਵਫ਼ਾਦਾਰੀ ਅਤੇ ਦੇਸ਼ ਭਗਤੀ ਦੇ ਮਾਰਗ ’ਤੇ ਚੱਲਣ ਲਈ ਪ੍ਰੇਰਿਤ ਕੀਤਾ।

---------------------------------------------------

ਕੇਂਦਰ ਨੇ ਦੇਸ਼ ਦੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਈ-ਦਾਖਿਲ ਪੋਰਟਲ ਦੀ ਸ਼ੁਰੂਆਤ ਕੀਤੀ ਏ। ਖਪਤਕਾਰ ਮਾਮਲਿਆਂ ਦੇ ਵਿਭਾਗ ਨੇ, ਈ-ਦਾਖਿਲ ਪੋਰਟਲ, ਜੋ ਕਿ ਹੁਣ ਭਾਰਤ ਦੇ ਹਰ ਸੂਬੇ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਕਾਰਜਸ਼ੀਲ ਏ , ਦੇ ਦੇਸ਼ ਵਿਆਪੀ ਲਾਗੂ ਹੋਣ ਦਾ ਐਲਾਨ ਕੀਤਾ ਏ । ਇਸ ਪ੍ਰਾਪਤੀ ਦੀ

ਨਿਸ਼ਾਨਦੇਹੀ 22 ਨਵੰਬਰ ਨੂੰ ਲੱਦਾਖ ਵਿੱਚ ਈ-ਫਾਈਲਿੰਗ ਪੋਰਟਲ ਦੀ ਸ਼ੁਰੂਆਤ ਨਾਲ ਕੀਤੀ ਗਈ ਸੀ। ਇਸ ਨਾਲ ਈ-ਫਾਈਲਿੰਗ ਅਸਲ ਪੂਰੇ ਭਾਰਤ ਦੀ ਪਹਿਲ ਬਣ ਗਈ ਏ। ਖਪਤਕਾਰਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਨਵੀਆਂ ਅਤੇ ਉਭਰ ਰਹੀਆਂ ਚਿੰਤਾਵਾਂ ਨੂੰ ਦੂਰ ਕਰਨ ਵਾਸਤੇ , ਖਪਤਕਾਰ ਸੁਰੱਖਿਆ ਐਕਟ 2019 ਨੂੰ ਸੂਚਿਤ ਅਤੇ 20 ਜੁਲਾਈ, 2020 ਨੂੰ ਲਾਗੂ ਕੀਤਾ ਗਿਆ। ਕੋਵਿਡ-19 ਦੌਰਾਨ ਖਪਤਕਾਰਾਂ 'ਤੇ ਪਾਬੰਦੀਆਂ ਦੇ ਕਾਰਨ, ਈ-ਦਾਖਿਲ ਪੋਰਟਲ ਨੂੰ ਖਪਤਕਾਰਾਂ ਦੀਆਂ ਸ਼ਿਕਾਇਤਾਂ ਦਾਇਰ ਕਰਨ ਲਈ ਇੱਕ ਕਿਫਾਇਤੀ, ਤੇਜ਼ ਅਤੇ ਮੁਸ਼ਕਲ ਰਹਿਤ ਪ੍ਰਣਾਲੀ ਵਜੋਂ ਜਾਰੀ ਕੀਤਾ ਗਿਆ ਸੀ। ਈ-ਦਾਖਿਲ ਇੱਕ ਨਵਾਂ ਔਨਲਾਈਨ ਮੰਚ ਜੋ ਖਪਤਕਾਰ ਸ਼ਿਕਾਇਤ ਨਿਪਟਾਰਾ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਤਿਆਰ ਕੀਤਾ ਗਿਆ ਏ। ਇਹ ਖਪਤਕਾਰਾਂ ਨੂੰ ਕਿਤੇ ਵੀ ਜਾਣ ਅਤੇ ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਖੁਦ ਮੌਜੂਦ ਰਹਿਣ ਦੀ ਲੋੜ ਤੋਂ ਬਿਨਾਂ ਸਬੰਧਤ ਖਪਤਕਾਰ ਫੋਰਮ ਤੱਕ ਪਹੁੰਚਣ ਦਾ ਇੱਕ ਕੁਸ਼ਲ ਅਤੇ ਸੁਵਿਧਾਜਨਕ ਤਰੀਕਾ ਪ੍ਰਦਾਨ ਕਰਦਾ ਏ। ਇਸ ਨਾਲ ਖਪਤਕਾਰਾਂ

ਦੀਆਂ ਸ਼ਿਕਾਇਤਾਂ ਦਾਇਰ ਕਰਨ ਤੋਂ ਲੈ ਕੇ ਉਨ੍ਹਾਂ ਦੀ ਸਥਿਤੀ ਨੂੰ ਟਰੈਕ ਕਰਨ ਤੱਕ, ਈ-ਦਾਖਿਲ ਮਾਮਲਿਆਂ ਨੂੰ ਦਾਇਰ ਕਰਨ ਲਈ ਕਾਗਜ਼ ਰਹਿਤ ਅਤੇ ਪਾਰਦਰਸ਼ੀ ਪ੍ਰਕਿਰਿਆ ਨੂੰ ਯਕੀਨੀ ਬਣਾਉਂਦਾ ਏ। ਕੋਈ ਵੀ ਖਪਤਕਾਰ ਆਪਣੇ ਰਜਿਸਟਰਡ ਫ਼ੋਨ 'ਤੇ ਇੱਕ OTP ਜਾਂ ਆਪਣੇ ਰਜਿਸਟਰਡ ਈਮੇਲ ਪਤੇ 'ਤੇ ਇੱਕ  ਲਿੰਕ ਪ੍ਰਾਪਤ ਕਰਕੇ ਜ਼ਰੂਰੀ ਪ੍ਰਮਾਣਿਕਤਾ ਦੇ ਨਾਲ ਈ-ਫਾਈਲਿੰਗ ਪਲੇਟਫਾਰਮ 'ਤੇ ਸਾਈਨ ਅੱਪ ਕਰ ਸਕਦਾ ਏ।

---------------------------------------------------------------

55ਵੇਂ ਭਾਰਤੀ ਕੌਮਾਂਤਰੀ ਫਿਲਮ ਉਤਸਵ ਵਿੱਚ ਅੱਜ ਪ੍ਰਸਿੱਧ ਫਿਲਮ ਨਿਰਦੇਸ਼ਕ ਤਪਨ ਸਿਨਹਾ ਦੇ ਫਿਲਮੀ ਸਫਰ 'ਤੇ ਵਿਸ਼ੇਸ਼ ਪ੍ਰੋਗਰਾਮ 'ਦਿ ਸਪੈਕਟ੍ਰਮ ਐਂਡ ਦਿ ਸੋਲ' ਦਾ ਆਯੋਜਨ ਕੀਤਾ ਗਿਆ। ਅਰਜੁਨ ਚੱਕਰਵਰਤੀ, ਐੱਨ. ਮਨੂ. ਚੱਕਰਵਰਤੀ ਅਤੇ ਮਸ਼ਹੂਰ ਅਭਿਨੇਤਰੀ ਸ਼ਰਮੀਲਾ ਟੈਗੋਰ ਦੇ ਇੱਕ ਸਨਮਾਨਯੋਗ ਸਮੂਹ ਨੇ, ਤਪਨ ਸਿਨਹਾ ਦੇ ਬੇਮਿਸਾਲ ਨਿਰਦੇਸ਼ਕ ਬਾਰੇ ਗੱਲ ਕੀਤੀ। ਆਕਾਸ਼ਵਾਣੀ ਨਾਲ ਗੱਲਬਾਤ ਕਰਦੇ ਹੋਏ ਅਰਜੁਨ ਚੱਕਰਵਰਤੀ ਨੇ ਕਿਹਾ ਕਿ ਤਪਨ ਸਿਨਹਾ

ਨੇ 48 ਫਿਲਮਾਂ ਦਾ ਨਿਰਦੇਸ਼ਨ ਕੀਤਾ ਪਰ ਕਿਸੇ ਵੀ ਫਿਲਮ ਵਿੱਚ ਥੀਮ ਅਤੇ ਸ਼ੈਲੀ ਨੂੰ ਨਹੀਂ ਦੁਹਰਾਇਆ। ਇਸ ਤੋਂ ਪਹਿਲਾਂ, ਪ੍ਰਸਿੱਧ ਫਿਲਮ ਨਿਰਮਾਤਾ ਆਸ਼ੂਤੋਸ਼ ਗੋਵਾਰੀਕਰ ਦੀ ਅਗਵਾਈ ਵਾਲੀ ਅੰਤਰ-ਰਾਸ਼ਟਰੀ ਪ੍ਰਤੀਯੋਗਿਤਾ ਜਿਊਰੀ ਨੇ, ਇਸ ਸਾਲ ਪ੍ਰਤੀਯੋਗਿਤਾ ਸ਼੍ਰੇਣੀ ਦੀਆਂ ਫਿਲਮਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰਸਿੱਧ ਕਲਾਕਾਰ ਅਤੇ ਫਿਲਮ ਨਿਰਮਾਤਾ ਆਸ਼ੂਤੋਸ਼ ਗੋਵਾਰੀਕਰ ਨੇ ਕਿਹਾ ਕਿ ਮੁਕਾਬਲੇ ਦੀ ਸ਼੍ਰੇਣੀ ਵਿੱਚ ਬੇਮਿਸਾਲ ਗੁਣਵੱਤਾ ਵਾਲੀਆਂ 15 ਫਿਲਮਾਂ ਸ਼ਾਮਲ ਸਨ, ਜਿਨ੍ਹਾਂ ਦਾ ਆਪਣਾ ਵੱਖਰਾ ਬਿਰਤਾਂਤ ਅਤੇ ਸ਼ੈਲੀ ਸੀ।

---------------------------------------------------

## ਆਖ਼ਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ

- ਪ੍ਰਧਾਨ ਮੰਤਰੀ ਨੇ ਨੌਜਵਾਨਾਂ ਨੂੰ ਵਿਕਸਤ ਭਾਰਤ ਕੁਇਜ਼ ਵਿੱਚ ਹਿੱਸਾ ਲੈਣ ਦੀ ਕੀਤੀ ਅਪੀਲ।
- ਸਰਕਾਰ ਨੇ ਅੱਜ ਨਵੀਂ ਦਿੱਲੀ ਵਿੱਚ 'ਰਾਸ਼ਟਰੀ ਮੁਹਿੰਮ ਬਾਲ ਵਿਆਹ ਮੁਕਤ ਭਾਰਤ' ਦੀ ਸ਼ੁਰੂਆਤ ਕੀਤੀ।

- ਰਾਸ਼ਟਰੀ ਜਾਂਚ ਏਜੰਸੀ ਨੇ ਅੱਜ ਅੱਤਵਾਦੀ-ਗੈਂਗਸਟਰ ਗਠਜੋੜ ਦੇ ਮਾਮਲੇ ਵਿੱਚ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਦਵਿੰਦਰ ਬੰਬੀਹਾ ਗੈਂਗ ਦੇ ਕਈ ਟਿਕਾਣਿਆਂ ਦੀ ਤਲਾਸ਼ੀ ਲਈ।
- ਦੇਸ਼ ਭਗਤੀ ਅਤੇ ਰਾਸ਼ਟਰ ਨਿਰਮਾਣ ਦੀ ਸਿੱਖਿਆ ਨਾਲ 10 ਰੋਜ਼ਾ NCC ਕੈਂਪ ਹੋਇਆ ਸਮਾਪਤ।